ਦਫਤਰ ਮੁੱਖ ਖੇਤੀਬਾੜੀ ਅਫਸਰ ਪਟਿਆਲਾ

ਨੰ: 5012 ਮਿਤੀ = 22-07-20

# ਜਨਤਕ ਨੋਟਿਸ

ਜਿਲਾ ਪਟਿਆਲਾ ਦੇ ਸਮੂਹ ਕਿਸਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਬ ਮਿਸਨ ਆਨ ਐਗਰੀਕਲਚਰ ਮੈਕਾਨਾਈਜੇਸਨ (ਸਮੈਮ) ਸਾਲ 2020-21 ਅਧੀਨ ਝੋਨੇ ਦੀ ਸਿੱਧੀ ਬਿਜਾਈ ,ਝੋਨੇ ਦੀ ਪਨੀਰੀ ਦੀ ਲੁਆਈ ਅਤੇ ਮੱਕੀ ਦੀ ਫਸਲ ਨਾਲ ਸਬੰਧਤ ਮਸੀਨਾਂ ਉਪਦਾਨ ਤੇ ਦੇਣ ਲਈ ਅਰਜੀਆਂ ਦੀ ਮੰਗ ਕੀਤੀ ਗਈ ਸੀ । ਇਸ ਸਕੀਮ ਅਧੀਨ ਪ੍ਰਾਪਤ ਹੋਈਆਂ ਦਰਖਾਸਤਾਂ ਦਿੱਤੇ ਗਏ ਭੌਤਿਕੀ ਟੀਚਿਆਂ ਨਾਲੋਂ ਵੱਧ ਹੋਣ ਕਰਕੇ ਲਾਭਪਾਤਰੀਆਂ ਦੀ ਚੋਣ ਡਰਾਅ ਵਿਧੀ ਰਾਹੀਂ ਕੀਤੀ ਜਾਣੀ ਹੈ । ਇਹਨਾਂ ਮਸੀਨਾਂ ਦੇ ਡਰਾਅ ਕਮੇਟੀ ਭਵਨ ਮਿੰਨੀ ਸਕੱਤਰੇਤ ਪਟਿਆਲਾ ਵਿਖੇ ਜਿਲਾ ਪੱਧਰੀ ਕਮੇਟੀ ਅਤੇ ਕਿਸਾਨਾਂ ਦੀ ਹਾਜਰੀ ਵਿੱਚ ਕੱਢੇ ਜਾਣੇ ਹਨ । ਸੋ ਜਿਹਨਾਂ ਕਿਸਾਨ ਭਰਾਵਾਂ ਨੇ ਇਸ ਸਕੀਮ ਤਹਿਤ ਅਰਜੀਆਂ ਦਿੱਤੀਆਂ ਹਨ ਉਹ ਹੇਠ ਲਿਖੇ ਵੇਰਵੇ ਅਨੁਸਾਰ ਉਕਤ ਸਥਾਨ ਤੇ ਪਹੁੰਚਣ ਦੀ ਖੇਚਲਾ ਕਰਨ ਤਾਂ ਜੋ ਲਾਭਪਾਤਰੀਆਂ ਦੀ ਚੋਣ ਪਾਰਦਰਸੀ ਢੰਗ ਨਾਲ ਕੀਤੀ ਜਾ ਸਕੇ । ਇਸ ਦੌਰਾਨ ਕੋਵਿਡ ਸਬੰਧੀ ਸਾਵਧਾਨੀਆਂ ਦਾ ਖਾਸ ਖਿਆਲ ਰੱਖਿਆ ਜਾਵੇ (ਮਾਸਕ,ਹੱਥ ਸੈਨੇਟਾਇਜਰ ਆਦਿ) ।

ਡਰਾਅ ਕੱਢਣ ਦਾ ਵੇਰਵਾ –

| ਲੜੀ ਨੰ | ਮਸੀਨ ਦਾ ਨਾਮ | ਭੌਤਿਕੀ ਟੀਚਾ | ਪ੍ਰਾਪਤ ਅਰਜੀਆਂ ਦੀ ਗਿਣਤੀ | ਤਾਰੀਖ ਅਤੇ ਸਮਾਂ |
|---|---|---|---|---|
| 1 | ਡੀ.ਐਸ.ਆਰ(ਝੋਨੇ ਦੀ ਸਿੱਧੀ ਬਿਜਾਈ ਵਾਲੀ ਮਸੀਨ) | 72 | 256 | 27 ਜੁਲਾਈ 10.30 AM |
| 2 | ਮੇਜ ਥਰੈਸਰ | 3 | 9 | 27 ਜੁਲਾਈ 10.30 AM |
| 3 | ਫੌਰੇਜ ਹਾਰਵੈਸਟਰ | 2 | 5 | 27 ਜੁਲਾਈ 10.30 AM |
| 4 | ਰੇਜਡ ਬੈਡ ਮੇਜ ਪਲਾਂਟਰ | 3 | 10 | 27 ਜੁਲਾਈ 10.30 AM |
| 5 | ਪੈਡੀ ਟਰਾਂਸਪਲਾਂਟਰ 4ਫਾਲੇਅਤੇ6ਫਾਲੇ | 24 | 89 | 28 ਜੁਲਾਈ 10.30 AM |
| 6 | ਪੈਡੀ ਟਰਾਂਸਪਲਾਂਟਰ ਸੈਲਫਪ੍ਰੋਪੈਲਡ 6ਫਾਲੇ ਅਤੇ8ਫਾਲੇ | 12 | 43 | 28 ਜੁਲਾਈ 10.30 AM |
| 7 | ਪੈਡੀ ਨਰਸਰੀ ਸੀਡਰ | 33 | 126 | 28 ਜੁਲਾਈ 10.30 AM |
| | **ਕੁੱਲ ਜੋੜ** | **149** | **538** | |

**ਨੋਟ - 1) ਡਰਾਅ ਸਬੰਧੀ ਕੋਈ ਇਤਰਾਜ ਹੋਣ ਦੀ ਸੂਰਤ ਵਿੱਚ ਉਸੀ ਸਮੇਂ ਦਾ ਇਤਰਾਜ ਮੰਨਿਆ ਜਾਵੇਗਾ । ਬਾਅਦ ਵਿੱਚ ਕੋਈ ਵੀ ਇਤਰਾਜ ਮੰਨਣ ਯੋਗ ਨਹੀਂ ਹੋਵੇਗਾ । ਇਤਰਾਜ ਸਿਰਫ ਦਰਖਾਸਤ ਕਰਤਾ ਵੱਲੋਂ ਕੀਤਾ ਜਾ ਸਕਦਾ ਹੈ ।**

**2) ਕਿਸੇ ਕਾਰਨ ਡਰਾਅ ਟਾਲਣ ਸਥਿਤੀ ਵਿੱਚ ਸਾਰੇ ਅਧਿਕਾਰ ਜਿਲਾ ਪੱਧਰੀ ਕਮੇਟੀ ਕੋਲ ਹੋਣਗੇ ।**

ਮੁੱਖ ਖੇਤੀਬਾੜੀ ਅਫਸਰ

ਪਟਿਆਲਾ

ਪਿੱਠ ਅੰਕਣ ਨੰ 5009-11 ਮਿਤੀ 22-07-20